**Shikshan Sanshodhan : Journal of Arts, Humanities and Social Sciences** ISSN: 2581-6241
Monthly, Peer-Reviewed, Refereed, Indexed Journal Impact Factor: 5.146
Volume - 5, Issue - 10, October - 2022 Publication Date: 31/10/2022

DOIs:10.2018/SS/202210008 --:-- Research Article

# ਓਮ ਪ੍ਰਕਾਸ਼ ਗਾਸੋ ਦੇ ਨਾਵਲਾਂ 'ਅੱਖਰ ਆਖਦੇ ਹਨ' ਤੇ 'ਦਰਕਿਨਾਰ' ਵਿਚ ਸਭਿਆਚਾਰਕ ਚੇਤਨਾ

**ਨਵਦੀਪ ਕੌਰ**
ਪੀ.ਐਚ.ਡੀ., ਵਿਭਾਗ – ਪੰਜਾਬੀ, ਯੂਨੀਵਰਸਿਟੀ ਕਾਲਜ ਆਫ਼ ਬੇਸਿਕ ਵਿਗਿਆਨ ਅਤੇ ਮਨੁੱਖਤਾ,
ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)
ਈਮੇਲ :- jassbrarsidhu@gmail.com

ਕਿਸੇ ਖਿੱਤੇ, ਕੌਮ ਜਾ ਜਾਤੀ ਸਮੂਹ ਦੀ ਜੀਵੰਤ ਜੀਵਨ ਜਾਂਚ ਨੂੰ ਸੱਭਿਆਚਾਰ ਕਿਹਾ ਜਾਂਦਾ ਹੈ। ਮਨੁੱਖ ਜਨਮ ਤੋਂ ਲੈ ਕੇ ਮੌਤ ਤੱਕ ਅਨੇਕਾਂ ਪ੍ਰਕਾਰ ਦੇ ਬੰਧਨਾਂ ਅਤੇ ਰੀਤੀ-ਰਿਵਾਜ਼ਾਂ ਵਿਚ ਬੱਝਿਆ ਰਹਿੰਦਾ ਹੈ ਤੇ ਇਹੀ ਬੰਧਨ ਤੇ ਰੀਤੀ-ਰਿਵਾਜ ਸਭਿਆਚਾਰ ਕਹਿਲਾਉਂਦੇ ਹਨ।

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਜਿਵੇਂ ਸਾਮਾਜ ਤੋਂ ਬਿਨਾਂ ਨਹੀਂ ਰਹਿ ਸਕਦਾ ਉਸ ਤਰ੍ਹਾਂ ਸਭਿਆਚਾਰ ਵੀ ਮਨੁੱਖੀ ਜ਼ਿੰਦਗੀ ਦਾ ਇੱਕ ਜ਼ਰੂਰੀ ਅੰਗ ਹੈ ਤੇ ਸਭਿਆਚਾਰ ਬਿਨਾਂ ਉਸ ਦਾ ਜੀਵਨ ਗੁਜਾਰਾ ਨਹੀਂ ਹੋ ਸਕਦਾ। ਆਪਣੇ ਜਨਮ ਤੋਂ ਤੁਰੰਤ ਬਾਅਦ ਹੀ ਬੱਚਾ ਆਪਣੇ ਮਾਤਾ-ਪਿਤਾ ਦੇ ਸਭਿਆਚਾਰ ਨੂੰ ਅਪਣਾ ਲੈਂਦਾ ਹੈ। ਇਸ ਪ੍ਰਕਾਰ ਸਭਿਆਚਾਰ ਉਸਦੀ ਜ਼ਿੰਦਗੀ ਦਾ ਪ੍ਰਮੁੱਖ ਵਰਤਾਰਾ ਹੈ, ਸਭਿਆਚਾਰ ਸੰਬੰਧੀ ਅੰਦਰ ਚੇਤਨਤਾ ਭਾਵ ਜਾਗਰੂਕਤਾ ਦਾ ਹੋਣਾ ਵੀ ਬਹੁਤ ਜ਼ਰੂਰੀ ਹੈ। ਕਿਉਂਕਿ ਉਹ ਸਭਿਆਚਾਰ ਹੀ ਹੈ ਜੋ :-

- ਮਨੁੱਖੀ ਜ਼ਿੰਦਗੀ ਨੂੰ ਸੇਧ ਦਿੰਦਾ ਹੈ।
- ਸਭਿਆਚਾਰ ਨੂੰ ਸਿੱਖਿਆ ਕਿਹਾ ਜਾ ਸਕਦਾ ਹੈ।
- ਸਭਿਆਚਾਰ ਮਨੁੱਖੀ ਜ਼ਿੰਦਗੀ ਵਿੱਚ ਸੰਵੇਦਨਾ ਦਾ ਕੰਮ ਕਰਦਾ ਹੈ।

ਪਸ਼ੂਆਂ ਤੋਂ ਇੱਕ ਸਭਿਆਚਾਰਕ ਮਨੁੱਖ ਬਣਨ ਵਿੱਚ ਚੇਤਨਤਾ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਮੈਲਿਨੋਵਸਕੀ ਨੇ ਸਭਿਆਚਾਰ ਦੇ ਵਿਕਾਸ ਬਾਰੇ ਦੱਸਦੇ ਹੋਏ ਲਿਖਿਆ ਹੈ ਕਿ "ਮਨੁੱਖ ਦੀ ਪਸ਼ੂ ਜਗਤ ਤੋਂ ਵੱਖਰੇ ਦੋ ਲੱਤਾਂ ਤੇ ਖੜਨ ਤੇ ਦੋ ਨੂੰ ਆਜ਼ਾਦ ਕਰ ਕੇ ਹੱਥ ਬਣਾ ਸਕਣ ਦੀ ਸਮਰੱਥਾ ਨੇ ਨਾ ਸਿਰਫ਼ ਉਸਦੀ ਸਰੀਰਕ ਮੁਦਰਾ ਵਿਚ ਹੀ ਸਗੋਂ ਜੀਵ ਵਿਗਿਆਨ ਸੰਗਠਨ ਅਤੇ ਸਿਰਜਣਾਤਮਕ ਤੌਰ `ਤੇ ਸਿੱਧਾ ਖੜ ਸਕਣ ਨਾਲ ਦੋ ਹੱਥ ਸੁਤੰਤਰ ਹੋ ਗਏ ਜਿਨ੍ਹਾਂ ਨਾਲ ਉਹ ਇਨ੍ਹਾਂ ਕਾਰਜਾਂ ਲਈ ਵਰਤੋ ਕਰਨ ਦੇ ਸਮਰੱਥ ਹੋਇਆ ਤੇ ਕਿਰਤ-ਵਸੀਲਿਆਂ ਸੰਦਾਂ ਅਤੇ ਵਿਆਪਕ ਕਾਰੋਬਾਰ ਵੱਲ ਪੁਲਾਂਘਾਂ ਪੁੱਟਦਾ ਗਿਆ। ਸਿੱਧੇ ਸ਼ਤੀਰ ਵਾਂਗ ਖੜ੍ਹਨ ਦੀ ਸਰੀਰਕ ਮੁਦਰਾ ਕਾਰਨ ਨਜ਼ਰ ਵੱਧ ਪਾਸਿਆਂ ਤੇ ਵਧੇਰੇ ਟਿਕਵੀਂ ਬਣੀ, ਦਿਮਾਗੀ ਆਕਾਰ ਤੇ ਕੁਸ਼ਲਤਾ ਵਧੀ ਰਹਿਣ-ਸਹਿਣ, ਖਾਣ-ਪੀਣ ਢੰਗ ਬਦਲਿਆ। ਇਹ ਸੱਚ ਹੈ ਕਿ ਹੱਥ ਨੇ ਮਨੁੱਖੀ ਤਰਕ ਜਾਰੀ ਕੀਤਾ ਅਤੇ ਮਨੁੱਖੀ ਚੇਤਨਤਾ ਪੈਦਾ ਕੀਤੀ।1

ਉਪਰੋਕਤ ਪਰਿਭਾਸ਼ਾ ਤੋਂ ਜੋ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਉਹ ਇਹੀ ਹੈ ਕਿ ਸਭਿਆਚਾਰ ਅਸਲ ਵਿੱਚ ਮਨੁੱਖੀ ਚੇਤਨਾ ਦਾ ਹੀ ਸਿੱਟਾ ਹੈ। ਜੰਗਲਾਂ ਅੰਦਰ ਰਹਿੰਦੇ ਮਨੁੱਖ ਅੰਦਰ ਜਿਉਂ-ਜਿਉਂ ਚੇਤਨਾ ਆਉਂਦੀ ਗਈ ਤਾਂ ਉਹ ਇੱਕ ਸਭਿਅਕ ਪ੍ਰਾਣੀ ਬਣਦਾ ਗਿਆ। ਚੇਤਨਾ ਸਦਕਾ ਹੀ ਉਸਨੂੰ ਰਿਸ਼ਤੇ ਨਾਤਿਆ ਦੀ ਸਮਝ ਆਈ ਤੇ ਅਸਭਿਆ ਤੋਂ ਸਭਿਆ ਦਾ ਰਸਤਾ ਫੜਦਾ ਗਿਆ।

ਨਾਵਲ 'ਅੱਖਰ ਆਖਦੇ ਹਨ' ਵਿਚ ਸਭਿਆਚਾਰਕ ਚੇਤਨਾ ਦੇ ਅੰਸ਼ ਪਾਏ ਜਾਂਦੇ ਹਨ। ਸਭਿਆਚਾਰ ਅੰਦਰ ਆਉਂਦੇ ਆਰਥਿਕ ਪੱਖ ਦੀ ਗੱਲ ਕਰੀਏ ਤਾਂ ਸਭਿਆਚਾਰਕ ਚੇਤਨਾ ਸਦਕਾ ਕੰਮ ਧੰਦਿਆਂ ਵਿੱਚ ਵੀ ਪਰਿਵਰਤਨ ਵੇਖਣ ਨੂੰ ਮਿਲਿਆ ਹੈ। ਜਿੱਥੇ ਪਹਿਲਾਂ ਨਿਮਨ ਜਾਤੀ ਪਿੰਡਾਂ ਵਿੱਚ ਵੱਡੇ ਜਿਮੀਦਾਰਾਂ ਦੇ ਘਰਾਂ ਵਿੱਚ ਕੰਮ ਕਰਦੀ ਤੇ ਮਰਦ ਸੀਰੀ ਰਲ ਕੇ ਖੇਤਾਂ ਦਾ ਕੰਮ-ਧੰਦਾ ਸਾਂਭਦੇ ਸਨ ਪਰ ਹੁਣ ਬਦਲਦੇ ਸਾਮਾਜ ਵਿੱਚ ਉਨ੍ਹਾਂ ਅੰਦਰ ਆਈ ਚੇਤਨਤਾ ਨੇ ਉਨ੍ਹਾਂ ਨੂੰ ਜਾਗਰੂਕ ਕਰ ਦਿੱਤਾ ਹੈ ਤੇ ਹੁਣ ਵਿੱਦਿਆ ਦਾ ਆਸਰਾ ਲੈ ਕੇ ਉੱਚ ਸਿੱਖਿਆ ਹਾਸਲ ਕਰ ਕੇ ਉੱਚੀਆਂ ਪਦਵੀਆਂ ਤੇ ਪਹੁੰਚ ਰਹੇ ਹਨ। ਨਾਵਲ 'ਅੱਖਰ ਆਖਦੇ ਹਨ' ਵਿਚ ਚੇਤ ਸਿੰਘ ਆਪਣੇ ਪਿੰਡ ਦੇ ਹੀ ਜਾਗੀਰਦਾਰਾਂ ਦੇ ਲਾਣੇ ਨਾਲ ਸੀਰੀ ਰਲਦਾ ਹੁੰਦਾ ਸੀ। ਪਰ ਜਾਗੀਰਦਾਰਾਂ ਦੇ ਜ਼ੁਲਮ ਨਾ ਸਹਿੰਦਾ ਹੋਇਆ ਆਪਣਾ ਸਵੈਮਾਨ ਕਾਇਮ ਰੱਖਦਾ ਚੇਤ ਸਿੰਘ ਅੱਧ ਵਿਚਾਲਿਓ ਹੀ ਸੀਰ ਛੱਡ ਆਉਂਦਾ ਹੈ ਤੇ ਸਮੇਂ ਦੇ ਨਾਲ ਆਈ ਚੇਤਨਤਾ ਹੀ ਹੈ ਕਿ ਨਿਮਨ ਜਾਤੀ ਵੀ ਹੁਣ ਜਾਗਰੂਕ

**Shikshan Sanshodhan : Journal of Arts, Humanities and Social Sciences** ISSN: 2581-6241
Monthly, Peer-Reviewed, Refereed, Indexed Journal Impact Factor: 5.146
Volume - 5, Issue - 10, October - 2022 Publication Date: 31/10/2022

ਹੋ ਚੁੱਕੀ ਹੈ। ਜਿਵੇਂ 'ਅੱਖਰ ਆਖਦੇ ਹਨ' ਨਾਵਲ ਦੀਆਂ ਸਤਰਾਂ ਤੋਂ ਚੇਤ ਸਿੰਘ ਵਿੱਚ ਆਈ ਦਲੇਰੀ ਉਸਨੂੰ ਚੇਤਨਤਾ ਵੱਲ ਲੈ ਕੇ ਜਾਂਦੀ ਹੈ।

"ਓਏ ਚੇਤੂ ਮਹਾਨ ਪੁਰਸ਼ਾਂ ਦੀ ਸ਼ਹੀਦੀ ਦੁਆਰਾ ਹੀ ਸਮਾਂ ਜਿਉਂਦਾ ਰਹਿ ਸਕਦਾ ਹੈ। ਡਰਪੋਕ ਤਾਂ ਸਮੇਂ ਨੂੰ ਕਤਲ ਕਰਕੇ ਰਹਿੰਦੇ ਹਨ। ਭਲਾ ਹੋਇਆ ਤੂੰ ਦਲੇਰ ਨਿਕਲਿਆ ਤੇ ਜਾਗੀਰਦਾਰ ਟੱਬਰ ਦੇ ਸੀਰ ਨੂੰ ਛੱਡ ਆਇਆ। ਜਾਗੀਰਦਾਰੀ ਲਈ ਤੇਰਾ ਅੱਧ ਵਿਚਾਲਿਓਂ ਸੀਰ ਛੱਡਣਾ ਇਕ ਲਲਕਾਰ ਵਾਂਗ ਹੈ। ਲਾਲਚ ਅਤੇ ਦਲੇਰੀ ਵਿੱਚ ਬਹੁਤ ਫ਼ਰਕ ਹੁੰਦਾ ਹੈ।"2

ਸਭਿਆਚਾਰਕ ਚੇਤਨਾ ਸਦਕਾ ਹੀ ਰਿਸ਼ਤੇ ਨਾਤਿਆਂ ਵਿੱਚ ਅਪਣੱਤ ਬਣੀ ਰਹਿੰਦੀ ਹੈ ਤੇ ਨਾਵਲ 'ਅੱਖਰ ਆਖਦੇ ਹਨ' ਦੇ ਵਿੱਚ ਇਸ ਅਪਣੱਤ ਨੂੰ ਵੇਖਿਆ ਜਾ ਸਕਦਾ ਹੈ। ਜਦੋਂ ਮਾਸਟਰ ਹੁਕਮ ਚੰਦ ਅਤੇ ਚੇਤ ਸਿੰਘ ਦਰਮਿਆਨ ਕਿਸਮ ਕਿਸਮ ਦੇ ਸੁਲਝੇ ਵਿਚਾਰਾਂ ਦਾ ਸਿਲਸਿਲਾ ਚੱਲ ਹੀ ਨਹੀਂ ਸੀ ਰਿਹਾ ਸਗੋਂ ਵਿਵਹਾਰਕ ਰਿਸ਼ਤਿਆਂ ਦੀ ਵੀ ਅਨੋਖੀ ਸਾਂਝ ਬਣੀ ਹੋਈ ਸੀ। ਇਸੇ ਤਰ੍ਹਾਂ ਚੇਤ ਸਿੰਘ ਦੀ ਮਾਂ ਇੱਕ ਦਿਨ ਹੁਕਮ ਚੰਦ ਸ਼ਰਮਾਂ ਵਾਸਤੇ ਸਵੇਰ ਵੇਲੇ ਚਾਰ ਮਿੱਸੀਆਂ ਰੋਟੀਆਂ, ਕੌਲਾ ਭਰਿਆ ਮੱਖਣ, ਦਹੀਂ ਅਤੇ ਲੱਸੀ ਦਾ ਛੰਨਾ ਭਰ ਕੇ ਪੰਡਿਤ ਜੀ ਦੀ ਬੈਠਕ `ਚ ਪੁੱਜੀ। ਹੁਕਮ ਚੰਦ ਸ਼ਰਮਾਂ ਬੜੇ ਪਿਆਰ ਨਾਲ ਲਿਆਦੀਆਂ ਮਿੱਸੀਆਂ ਰੋਟੀਆਂ ਛੱਕ ਰਿਹਾ ਸੀ ਉੱਥੇ ਹੀ ਹੁਕਮ ਚੰਦ ਦੀ ਘਰਵਾਲੀ ਸੁਭੱਦਰਾ ਵਿਹੜੇ ਵਾਲੀ ਅਜਮੇਰ ਕੌਰ ਦੀਆਂ ਲਿਆਦੀਆਂ ਰੋਟੀਆਂ ਵੇਖ ਕੇ ਅੱਗ ਉਗਲਣ ਲੱਗ ਪਈ।

"ਸੁਭੱਦਰਾ ਬੋਲੀ ਜਾ ਰਹੀ ਸੀ। ਵਿਹੜੇ ਵਾਲਿਆਂ ਅਸਾਡਾ ਧਰਮ ਭ੍ਰਿਸ਼ਟ ਕਰਨਾ ਸ਼ੁਰੂ ਕੀਤਾ ਹੋਇਆ ਹੈ।"3

ਧਰਮ ਨੂੰ ਹੀ ਸਭਿਆਚਾਰ ਦਾ ਜਨਮਦਾਤਾ ਮੰਨਿਆ ਗਿਆ ਹੈ। ਧਰਮ ਦੁਆਰਾ ਹੀ ਸੰਸਾਰਕ ਦ੍ਰਿਸ਼ਟੀਕੋਣ ਨੂੰ ਨਿਰਧਾਰਿਤ ਕੀਤਾ ਜਾਂਦਾ ਹੈ ਅਤੇ ਇਹੀ ਦ੍ਰਿਸ਼ਟੀਕੋਣ ਸਭਿਆਚਾਰ ਅੰਦਰ ਆਉਂਦੇ ਵਿਹਾਰ ਅਤੇ ਨਿਯਮਾਂ ਨੂੰ ਘੜਦਾ ਹੈ। ਨਾਵਲ 'ਅੱਖਰ ਆਖਦੇ ਹਨ' ਵਿਚ ਧਰਮ ਸੰਬੰਧੀ ਚਰਚਾ ਕੀਤੀ ਗਈ ਹੈ ਕਿ ਕਿਵੇਂ ਬਦਲਦੇ ਯੁੱਗ ਵਿੱਚ ਧਰਮ ਦੇ ਅਰਥ ਵੀ ਬਦਲਦੇ ਜਾ ਰਹੇ ਹਨ। ਇਹ ਬਦਲਦੇ ਅਰਥ ਸਭਿਆਚਾਰ ਨੂੰ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕਰ ਰਹੇ ਹਨ। ਭੂਆ ਸੰਤੀ ਬਾਲ ਕਾਫਲੇ ਨੂੰ ਰੇਲਵੇ ਪਲੇਟਫਾਰਮ ਵੱਲ ਲੈ ਕੇ ਜਾ ਰਹੀ ਸੀ ਤਾਂ ਉਸਨੇ ਉੱਥੇ ਫਾਲਤੂ ਤੇ ਬੇਸੁਦ ਕਿਸਮ ਦੇ ਦਰਜਨਾਂ ਸਾਧ ਤੇ ਸਾਧਨੀਆਂ ਬਾਰੇ ਦੱਸਣਾ ਸ਼ੁਰੂ ਕੀਤਾ :

"ਪਿਆਰੇ ਪੁੱਤਰੋ ਇਹ ਸਾਧ ਤੇ ਸਾਧਨੀਆਂ ਹਨ ਜਿਹੜੇ ਦਿਨ ਭਰ ਬਾਜ਼ਾਰਾਂ ਦੀਆਂ ਦੁਕਾਨਾਂ ਤੋਂ ਪੈਸੇ ਮੰਗਦੇ ਹਨ। ਇਹ ਆਥਣ ਨੂੰ ਸ਼ਰਾਬ ਪੀਂਦੇ ਹਨ। ਦੁਕਾਨਦਾਰ ਇਨ੍ਹਾਂ ਨੂੰ ਰੁਪਿਆ ਦੋ ਰੁਪਏ ਦੇਣ ਨੂੰ ਪੁੰਨ ਸਮਝਦੇ ਹਨ ਜਦਕਿ ਇਹ ਲੋਕ ਸਿਰਖੁਦ ਸਮੇਂ ਲਈ ਪਾਪ ਹਨ।"4

ਪਾਖੰਡ ਸਭਿਆਚਾਰ ਲਈ ਬਹੁਤ ਘਾਤਕ ਹੈ ਕਿਉਂਕਿ :

- "ਪਾਖੰਡ ਜ਼ਿੰਦਗੀ ਦੇ ਕੁਦਰਤੀ ਸਰੂਪ ਨੂੰ ਮਿਟਾਉਂਦਾ ਹੈ,
- ਪਾਖੰਡ ਵਰਤਮਾਨ ਕਾਲ ਦੀ ਥਾਵੇਂ ਭੂਤ ਕਾਲ ਦੀ ਪ੍ਰਸੰਸਾ ਕਰਦਾ ਰਹਿੰਦਾ ਹੈ।
- ਪਾਖੰਡ ਅਸਲੀਅਤ ਤੋਂ ਅਣਜਾਣ ਬਣਿਆ ਰਹਿੰਦਾ ਹੈ।
- ਪਾਖੰਡ ਪ੍ਰਕ੍ਰਿਤੀ ਦਾ ਵਿਰੋਧ ਕਰਨ ਲੱਗ ਪੈਂਦਾ ਹੈ।
- ਪਾਖੰਡ ਪ੍ਰਕਰਣਹੀਣ ਹਾਦਸਿਆਂ ਦੀ ਮਕਬੂਲੀਅਤ ਲਈ ਪ੍ਰਯਤਨਸ਼ੀਲ ਬਣ ਬੈਠਦਾ ਹੈ।"5

ਇਸ ਪ੍ਰਕਾਰ ਚੇਤਨਹੀਣਤਾ ਹੀ ਵਿਅਕਤੀ ਨੂੰ ਅਗਿਆਨੀ ਬਣਾ ਕੇ ਧਾਰਮਿਕ ਕਦਰਾਂ ਕੀਮਤਾਂ ਦੀ ਅਸਲ ਪਹਿਚਾਣ ਨੂੰ ਅਣਗੌਲਿਆ ਬਣਾਈ ਰੱਖਦੀ ਹੈ ਤੇ ਵਿਅਕਤੀ ਦੀ ਸਭਿਆਚਾਰਕ ਚੇਤਨਾ ਹੀ ਉਸਨੂੰ ਇਨ੍ਹਾਂ ਦੀ ਅਸਲ ਪਹਿਚਾਣ ਕਰਨਾ ਸਿਖਾਉਂਦੀ ਹੈ। ਡੇਰੇ ਦਾ ਮਹੰਤ ਬਾਬਾ ਅਹਿਮਦ ਕਪਾਟੀਆ ਇਸ ਗੱਲ ਨੂੰ ਸਮਝਦਾ ਸੀ।

ਨਿਮਨ ਜਾਤੀਆਂ ਅੰਦਰ ਆਈ ਚੇਤਨਤਾ ਨੇ ਉਹਨਾਂ ਨੂੰ ਵਿੱਦਿਆ ਪ੍ਰਤੀ ਵੀ ਜਾਗਰੂਕ ਕੀਤਾ। ਚੇਤ ਸਿੰਘ ਆਪਣੀ ਧੀ ਸੁਤੰਤਰ ਕੌਰ ਨੂੰ ਜੇ.ਬੀ.ਟੀ. ਕਰਵਾਉਂਦਾ ਹੈ। ਜਿਸ ਕਰਕੇ ਉਹ ਪ੍ਰਾਇਮਰੀ ਸਕੂਲ ਵਿੱਚ ਅਧਿਆਪਕਾ ਵਜੋਂ ਤੈਨਾਤ ਹੁੰਦੀ ਹੈ ਜੋ ਕਿ ਪਿੰਡ ਦੇ ਜਾਗੀਰਦਾਰ ਘਰ ਨੂੰ ਉਸਦੀ ਅਧਿਆਪਕ ਬਣਨ ਦੀ ਗੱਲ ਹਜ਼ਮ ਨਹੀਂ ਹੁੰਦੀ। ਪਰ ਹੁਣ ਨਿਮਨ ਜਾਤੀ ਵੀ ਆਪਣੀ ਸਿੱਖਿਆ ਦੇ ਸਿਰ ਤੇ ਉੱਚੀਆਂ ਪਦਵੀਆਂ ਹਾਸਲ ਕਰਨ ਕਰਕੇ ਇਨ੍ਹਾਂ ਜਾਗੀਰਦਾਰਾਂ ਦੇ ਡਰ ਨੂੰ ਆਪਣੇ ਦਿਲ `ਚੋਂ ਕੱਢ ਦਿੰਦੀ ਹੈ। ਸੁਤੰਤਰ ਕੌਰ ਦੀ ਮਾਂ ਉਸਨੂੰ ਜਾਗੀਰਦਾਰਾਂ ਦੀ ਹਵੇਲੀ ਦੇ ਦਰਵਾਜੇ ਦੇ ਸਾਹਮਣੇ ਵਾਲੀ ਗਲੀ ਨੂੰ ਛੱਡ ਕੇ ਫਿਰਨੀ ਦੇ ਉਤਲੇ ਪਾਸੇ ਦੀ ਜਾਣ ਲਈ ਕਹਿੰਦੀ ਹੈ। ਪਰ ਸੁਤੰਤਰ ਦੇ ਸਵੈਮਾਨ ਦੀ ਅਦ੍ਰਿੜਤਾ ਨੇ ਆਪਣੀ ਮਾਂ ਦੀ ਡਰਪੋਕ ਸਲਾਹ ਨੂੰ ਸਵੀਕਾਰ ਨਾ ਕੀਤਾ।

"ਸੁਤੰਤਰ ਚੰਗੇ ਤਕੜੇ ਧੜੱਲੇ ਨਾਲ ਆਪਣੀ ਸਕੂਟਰੀ ਦੇ ਹੌਰਨ ਨੂੰ ਸਰਦਾਰਾਂ ਦੀ ਹਵੇਲੀ ਦੇ ਦਰਵਾਜੇ ਕੋਲ ਵਾਰ-ਵਾਰ ਵਜਾ ਕੇ ਲੰਘਣ ਲੱਗ ਪਈ ਸੀ।"6

ਵਿਗਿਆਨਕ ਯੁੱਗ ਵਿੱਚ ਹਰ ਖੇਤਰ ਵਿਚ ਬਦਲਾਓ ਦੇਖਣ ਨੂੰ ਮਿਲਦੇ ਹਨ ਤੇ ਇਸ ਦਾ ਸਿੱਧਾ ਅਸਰ ਸਭਿਆਚਾਰ ਤੇ ਪੈਂਦਾ ਹੈ। ਸਭਿਆਚਾਰਕ ਰਿਸ਼ਤਿਆਂ ਵਿਚ ਬਣਾਵਟ ਆ ਰਹੀ ਹੈ ਪਰ ਫਿਰ ਵੀ ਸਭਿਆਚਾਰਕ ਚੇਤਨਾ ਉਨ੍ਹਾਂ ਦੇ ਅੰਦਰ ਮੋਹ ਪਿਆਰ ਨੂੰ ਬਣਾਈ ਰੱਖਦੀ ਹੈ। ਚੇਤ ਸਿੰਘ ਦੀ ਧੀ ਸੁਤੰਤਰ ਆਪਣੇ ਐਸ.ਐਸ.ਪੀ. ਪਤੀ ਨੂੰ ਛੱਡ ਕੇ ਆਪਣੇ ਪੇਕੇ ਘਰ ਆ ਜਾਂਦੀ ਹੈ। ਉਸ ਦਾ ਪਤੀ ਉਸਨੂੰ ਚਿੱਠੀ ਲਿਖ ਕੇ ਕਹਿੰਦਾ ਹੈ ਕਿ ਕਮੀਨੀਏ ਕੁਪੱਤੀਏ ਤੂੰ ਮੇਰੇ ਘਰੋਂ ਭੱਜ ਕੇ ਆਪਣੇ ਪੇਕੇ ਘਰ ਜਾ ਕੇ ਅਸਾਡੇ ਘਰ ਦੀ ਇੱਜ਼ਤ ਨੂੰ ਬੇਇੱਜ਼ਤ ਕੀਤਾ ਹੈ। ਇਸ ਲਈ ਸੁਤੰਤਰ ਕੌਰ ਹੰਕਾਰੀ ਪਤੀ ਤੋਂ ਦੂਰੀ ਬਣਾ ਲੈਂਦੀ ਹੈ। ਉਹ ਸੋਚਦੀ ਹੈ ਕਿ ਹੰਕਾਰ ਅਤੇ ਹਕੀਕਤ ਦਾ ਕੋਈ ਸੁਮੇਲ ਨਹੀਂ।

ਜਿੱਥੇ ਰਿਸ਼ਤਿਆਂ ਵਿਚ ਬਨਾਵਟ ਆ ਗਈ ਹੈ ਉੱਥੇ ਹੀ ਕੁਝ ਹੱਦ ਤੱਕ ਮੋਹ ਪਿਆਰ ਦੀ ਹੋਂਦ ਵੀ ਬਣੀ ਹੋਈ ਹੈ। ਇਹ ਮੋਹ-ਪਿਆਰ ਦੀ ਹੋਂਦ ਸੁਤੰਤਰ ਕੌਰ `ਚੋਂ ਪ੍ਰਗਟ ਹੁੰਦੀ ਹੈ ਜਦੋਂ ਉਹ ਆਪਣਾ ਸਾਰਾ ਘਰ-ਬਾਰ ਤੇ ਪੂੰਜੀ ਆਸ਼ਰਮ ਤੇ ਲਾ ਕੇ ਬੇ-ਆਸਰੇ ਲੋਕਾਂ ਨੂੰ ਆਸਰਾ ਦਿੰਦੀ ਹੈ। ਉਹ ਜਾਤ-ਪਾਤ ਦੀ ਥਾਵੇਂ ਮਨੁੱਖਤਾ ਨੂੰ ਪਹਿਲ ਦਿੰਦੀ ਹੈ।
ਉਸਨੇ ਆਸ਼ਰਮ ਦੀਆਂ ਬਹੁਤ ਸਾਰੀਆਂ ਥਾਵਾਂ ਤੇ ਮੋਟੇ ਤੇ ਸਾਫ਼ ਸ਼ਬਦਾਂ ਵਿੱਚ :

"ਮਾਨਸ ਦੀ ਜਾਤ ਸਭੈ ਏਕੋ ਹੀ ਪਹਿਚਾਨਬੋ" ਲਿਖਵਾ ਦਿੱਤਾ।"7

ਇਸ ਪ੍ਰਵਾਰ ਨਾਵਲ 'ਅੱਖਰ ਆਖਦੇ ਹਨ` ਵਿਚ ਰਿਸ਼ਤਿਆਂ ਦੀ ਆਪਸੀ ਤਣਾਅ ਅਤੇ ਮੋਹ ਦੀ ਵੀ ਗੱਲ ਮਿਲਦੀ ਹੈ। ਇਸ ਵਿਚ ਸਭਿਆਚਾਰਕ ਚੇਤਨਾ ਸਦਕਾ ਆਪਸੀ ਮੋਹ ਪਿਆਰ ਤੇ ਇਸ ਦੀ ਯਾਦ ਸਦਕਾ ਉਪਜੇ ਤਣਾਓ ਦਾ ਵੀ ਜ਼ਿਕਰ ਹੈ।

ਚੇਤਨਾ ਮਨੁੱਖੀ ਗਿਆਨ ਦੀ ਹੀ ਉਪਜ ਹੈ ਤੇ ਇਹ ਗਿਆਨ ਵਿੱਦਿਆ ਸਦਕਾ ਹੀ ਪ੍ਰਾਪਤ ਹੁੰਦਾ ਹੈ। ਵਿੱਦਿਆ ਮਨੁੱਖਤਾ ਅੰਦਰ ਗਿਆਨ ਦੀ ਜੋਤ ਨੂੰ ਜਗਾਉਂਦੀ ਹੈ।

- "ਵਿੱਦਿਆ ਨੂੰ ਗੁਣ ਕਿਹਾ ਜਾ ਸਕਦਾ ਹੈ।
- ਵਿੱਦਿਆ ਨੂੰ ਸ਼ਬਦ ਕਿਹਾ ਜਾ ਸਕਦਾ ਹੈ।
- ਵਿੱਦਿਆ ਨੂੰ ਕਲਾ ਕਿਹਾ ਜਾ ਸਕਦਾ ਹੈ।
- ਵਿੱਦਿਆ ਨੂੰ ਗਿਆਨ ਕਿਹਾ ਜਾ ਸਕਦਾ ਹੈ।"8

ਇਸ ਤਰ੍ਹਾਂ ਸੁਤੰਤਰ ਕੌਰ ਵਿੱਦਿਆ ਦੇ ਗਿਆਨ ਸਦਕਾ ਭਾਈ ਜੈਤਾ ਜੀ ਆਸ਼ਰਮ ਚਲਾਉਂਦੀ ਹੋਈ ਲੋਕਾਂ ਨੂੰ ਪਿਆਰ ਤੇ ਅਪਣੱਤ ਨਾਲ ਰਹਿਣ ਦੇ ਗੁਣ ਸਿਖਾਉਂਦੀ ਹੈ।

'ਦਰਕਿਨਾਰ` ਨਾਵਲ ਵੀ ਸਭਿਆਚਾਰ ਚੇਤਨਾ ਦਾ ਧਾਰਨੀ ਬਣ ਕੇ ਪੇਸ਼ ਹੋਇਆ ਹੈ। ਸਭਿਆਚਾਰ ਨੂੰ ਭਾਵ ਬੋਧ ਦਾ ਦਰਜਾ ਦਿੱਤਾ ਜਾ ਸਕਦਾ ਹੈ। ਸਭਿਆਚਾਰਕ ਚੇਤਨਾ ਵਿਚ ਕਲਾ ਦੀ ਵਿਸ਼ੇਸ਼ ਮਹੱਤਤਾ ਹੁੰਦੀ ਹੈ। ਕਿਉਂਕਿ ਕਲਾ ਹੀ ਮਨੁੱਖ ਨੂੰ ਉਸ ਦੀਆਂ ਸਭਿਆਚਾਰਕ ਭਾਵਨਾਵਾਂ ਦੇ ਨਾਲ ਜੋੜੀ ਰੱਖਦੀ ਹੈ। ਨਾਵਲ 'ਦਰਕਿਨਾਰ` ਵਿਚ ਵੀ ਕਲਾ ਦੀ ਪੇਸ਼ਕਾਰੀ ਵੇਖ ਸਕਦੇ ਹਾਂ ਕਿ ਕਿਵੇਂ ਕੁੰਦਨ ਸਿੰਘ 'ਗੜਗੱਜ` ਆਪਣੀ ਸੁੰਦਰ ਕਲਾ ਸਦਕਾ ਹੀ ਪਿੰਡ ਵਾਸੀਆਂ ਦੇ ਲਈ ਆਮ ਤੋਂ ਖ਼ਾਸ ਬਣ ਬੈਠਦਾ ਹੈ ਤੇ ਸਰਬਜੀਤ ਦੀ ਧੀ ਭਾਵ ਮਾਧੋ ਦੀ ਭਤੀਜੀ ਵੀ ਆਪਣੀਆਂ ਕਾਵਿਕ ਰੁਚੀਆਂ ਸਦਕਾ ਦਿਨ-ਬ-ਦਿਨ ਨਿਖਰਦੀ ਜਾ ਰਹੀ ਹੈ। ਮਾਧੋ ਦੀ ਗਿਆਨਮਈ ਸੋਚ ਸਦਕਾ ਹੀ ਆਪਣੀ ਮਾਂ ਬਾਹਰੇ ਪ੍ਰਦੀਪ ਤੇ ਕੁਲਦੀਪ ਜਗਿਆਸੂ ਬਣਦੇ ਜਾ ਰਹੇ ਸਨ। ਇਹੀ ਜਗਿਆਸਾ ਵਿਅਕਤੀ ਅੰਦਰ ਗਿਆਨ ਦੀ ਜੋਤ ਜਗਾਉਂਦੀ ਹੈ :

- "ਜਗਿਆਸਾ ਨੂੰ ਪ੍ਰੇਰਣਾ ਕਿਹਾ ਜਾ ਸਕਦਾ ਹੈ।
- ਜਗਿਆਸਾ ਨੂੰ ਹੁਨਰ ਕਿਹਾ ਜਾ ਸਕਦਾ ਹੈ।
- ਜਗਿਆਸਾ ਨੂੰ ਗੁਣ ਅਤੇ ਗਿਆਨ ਦੀ ਵਿੱਦਿਆ ਕਿਹਾ ਜਾ ਸਕਦਾ ਹੈ।"9

ਪ੍ਰਦੀਪਤੀ ਕੁਲਦੀਪ ਅੰਦਰ ਪੈਦਾ ਹੋਈ ਜਿਗਿਆਸਾ ਹੀ ਹਰ ਪਲ ਮਾਧੋ ਤੋਂ ਕੁਝ ਨਾ ਕੁਝ ਜਾਨਣ ਲਈ ਤਿਆਰ ਰਹਿੰਦੀ ਸੀ। ਸਭਿਆਚਾਰਕ ਚੇਤਨਾ ਵਿਅਕਤੀ ਅੰਦਰ ਸਮਾਜ ਵਿਚ ਆ ਰਹੀ ਗਿਰਾਵਟ ਸੰਬੰਧੀ ਸੁਚੇਤ ਕਰਦੀ ਹੋਈ ਕਈ ਪ੍ਰਕਾਰ ਦੇ ਸਵਾਲਾਂ ਨੂੰ ਜਨਮ ਦਿੰਦੀ ਰਹਿੰਦੀ ਹੈ। ਪ੍ਰਦੂਸ਼ਿਤ ਭਾਸ਼ਾ ਸੋਚ, ਵਿਚਾਰ, ਰਹਿਣ-ਸਹਿਣ, ਖਾਣ-ਪੀਣ, ਧਰਮ, ਵਿੱਦਿਆ-ਪ੍ਰਣਾਲੀਆਂ ਅਤੇ ਧਰਮ ਨੂੰ ਸਮਝਣ ਲਈ ਸਭਿਆਚਾਰਕ ਚੇਤਨਾ ਦੀ ਲੋੜ ਹੁੰਦੀ ਹੈ ਕਿਉਂਕਿ ਚੇਤਨਾ ਉਸ ਅੰਦਰ ਅਜਿਹੇ ਗਿਆਨ ਨੂੰ ਪ੍ਰਕਾਸ਼ਿਤ ਕਰਦੀ ਹੈ ਜਿਸ ਨਾਲ ਉਸਦੇ ਵਿਅਕਤੀਤਵ ਦਾ ਵਿਸਥਾਰ ਹੁੰਦਾ ਹੈ, ਨਾਵਲ 'ਦਰਕਿਨਾਰ` ਵਿਚ ਵੈਦ ਜੀ ਦੇ ਅੰਦਰ ਵੀ ਅਜਿਹੇ ਵਿਅਕਤੀਤਵ ਦਾ ਵਿਸਥਾਰ ਹੋਇਆ ਜੋ ਕਿ ਬਾਕੀ ਪਿੰਡ ਵਾਸੀਆਂ ਲਈ ਗਿਆਨ ਦਾ ਭੰਡਾਰ ਬਣ ਗਿਆ ਤੇ ਪਿੰਡ ਵਾਸੀ ਹਰ ਸਮੱਸਿਆ ਦੇ ਹੱਲ ਲਈ ਉਸ

ਕੋਲ ਆਉਂਦੇ, ਮਾਧੋ ਦੀ ਅਪਣੱਤ ਆਪਣੇ ਭਤੀਜਾ-ਭਤੀਜੀ ਲਈ ਚੇਤਨਾ ਮਈ ਅਗਵਾਈ ਦਾ ਕਾਰਨ ਬਣੀ ਹੋਈ ਸੀ। ਜੋ ਉਨ੍ਹਾਂ ਨੂੰ ਦਿਨ ਪ੍ਰਤੀਦਿਨ ਨਿਖਾਰਦੀ ਜਾ ਰਹੀ ਸੀ ਤੇ ਕਲਾ ਨੂੰ ਜਨਮ ਦੇ ਰਹੀ ਸੀ।

"ਉਹ ਉਨ੍ਹਾਂ ਬੱਚਿਆਂ ਦੇ ਅਣਭੋਲ ਆਪੇ ਨੂੰ ਅਸਲੀਅਤ ਦੀ ਜਾਣਕਾਰੀ ਨਾਲ ਸੁਚੇਤ ਕਰ ਰਿਹਾ ਸੀ। ਇੰਝ ਇਸ ਪ੍ਰਯਤਨ ਕਰ ਕੇ ਪ੍ਰਦੀਪ ਤੇ ਕੁਲਦੀਪ ਹੁਣ ਇੱਕ ਪ੍ਰਕਰਣ ਵਾਂਗ ਵਧਣ ਫੁੱਲਣ ਲੱਗ ਪਏ ਸਨ। ਕਦੇ-ਕਦੇ ਜਦੋਂ ਚਾਚਾ ਭਤੀਜੀ ਆਥਣ ਸਵੇਰ ਖੇਤ-ਵੰਨੇ ਕੁਦਰਤੀ ਨਜ਼ਾਰਿਆਂ ਅਤੇ ਕੁਦਰਤੀ ਨਖਰਿਆਂ ਨਾਲ ਜੁੜੇ ਹੋਏ ਹੁੰਦੇ ਸਨ ਤਦ ਉਹ ਪ੍ਰਦੀਪ ਨੂੰ ਕੋਈ ਨਾ ਕੋਈ ਗੀਤ ਸੁਣਾਉਣ ਲਈ ਆਖਦੇ। ਪ੍ਰਦੀਪ ਆਪਣੇ ਚਾਚੇ ਦੁਆਰਾ ਲਿਖਿਆ ਗੀਤ ਲੋਕ ਬਾਣੀ ਦੇ ਪੰਚਮ ਸੁਰ ਵਿਚ ਗਾਉਣ ਲੱਗ ਪੈਂਦਾ। ਗੀਤ ਤੇ ਗਮ ਦੀ ਤਾਸੀਰ ਵਿਚ ਕੋਈ ਬਹੁਤਾ ਅੰਤਰ ਨਹੀਂ ਹੁੰਦਾ ਤੇ ਇੰਝ ਮਾਧੋ ਨੂੰ ਆਪਣੀ ਭਾਬੀ ਸਰਬਜੀਤ ਦਿਸਣ ਲੱਗ ਪੈਂਦੀ। ਇਸ ਤਰ੍ਹਾਂ ਭੂਤਕਾਲ ਦਾ ਕਾਲ ਗ਼ਮਗੀਨ ਪਰਛਾਵਾਂ ਵਰਤਮਾਨ ਦੇ ਚਾਨਣ ਉੱਤੇ ਆ ਟਿਕਦਾ। ਏਥੇ ਆ ਕੇ ਮਾਧੋ ਨੂੰ ਕਿਸੇ ਕਵੀ ਦੀ ਆ ਸਤਰ
ਚਾਨਣ ਚਿੱਟੇ ਰਾਹ ਹਾਣੀਆਂ
ਚਾਨਣ ਚਿੱਟੇ ਰਾਹ
ਆ ਉਗਾਸਦੀ ਅਤੇ ਮਾਧੋ ਦੇ ਮਨ ਵਿਚ ਵੱਖ-ਵੱਖ ਕਿਸਮ ਦੀਆਂ ਉਮੰਗਾਂ ਪੈਦਾ ਹੋਣ ਲੱਗ ਪੈਂਦੀਆਂ ਸਨ।"10
ਚੇਤਨਾ ਵਿਅਕਤੀ ਅੰਦਰ ਗਿਆਨ ਨੂੰ ਜਨਮ ਦੇ ਕੇ ਗੁਣਾਂ ਦੀ ਪਹਿਚਾਣ ਕਰਨਾ ਸਿਖਾਉਂਦੀ ਹੈ ਨਹੀਂ ਤਾਂ ਅਸੀਂ ਗੁਣਾਂ ਨੂੰ ਅਣਡਿੱਠ ਹੀ ਕਰਦੇ ਰਹਿੰਦੇ ਹਾਂ।

ਨਾਵਲ 'ਦਰਕਿਨਾਰ' ਸਭਿਆਚਾਰਕ ਦਰਰਾਂ-ਕੀਮਤਾਂ ਦੀ ਮਹੱਤਤਾ ਦਾ ਵਰਣਨ ਕਰਦਾ ਹੋਇਆ ਸਮਾਜ ਵਿਚ ਇਸ ਦੀ ਸਥਿਤੀ ਦੀ ਪੇਸ਼ਕਾਰੀ ਕਰਦਾ ਨਜ਼ਰ ਆ ਰਿਹਾ ਹੈ। ਸਭਿਆਚਾਰ ਵੱਖ-ਵੱਖ ਰੂਪਾਂ ਦੀ ਪੇਸ਼ਕਾਰੀ ਨਾਵਲ ਵਿਚ ਕਰਦੇ ਹੋਏ ਪਾਠਕਾਂ ਨੂੰ ਸੁਚੇਤ ਕਰਨ ਦੀ ਸਫਲ ਕੋਸ਼ਿਸ਼ ਨਜ਼ਰ ਆਉਂਦੀ ਹੈ।

## ਹਵਾਲੇ :

1. ਉਧਰਿਤ, ਪਰਮਜੀਤ ਕੌਰ, ਗੁਰਦਿਆਲ ਸਿੰਘ ਦੀ ਸਭਿਆਚਾਰਕ ਚੇਤਨਾ, ਪੰਨਾ-21
2. ਓਮ ਪ੍ਰਕਾਸ਼ ਗਾਸੋ, ਅੱਖਰ ਆਖਦੇ ਹਨ, ਪੰਨਾ-10
3. ਉਹੀ, ਉਹੀ, ਪੰਨਾ-21
4. ਉਹੀ, ਉਹੀ, ਪੰਨਾ-30
5. ਉਹੀ, ਸਾਹਿਤ, ਸਭਿਆਚਾਰ ਤੇ ਸੰਸਕ੍ਰਿਤੀ, ਪੰਨਾ-75
6. ਉਹੀ, ਅੱਖਰ ਆਖਦੇ ਹਨ, ਪੰਨਾ-43
7. ਉਹੀ, ਉਹੀ, ਪੰਨਾ-81
8. ਉਹੀ, ਸਾਹਿਤ, ਸਭਿਆਚਾਰ ਤੇ ਸੰਸਕ੍ਰਿਤੀ, ਪੰਨਾ-90
9. ਉਹੀ, ਸਾਂਸਕ੍ਰਿਤਕ ਚਿੰਤਨ, ਪੰਨਾ-4
10. ਉਹੀ, ਦਰਕਿਨਾਰ, ਪੰਨਾ-3